# Refugee agencies help and advice

June 2008 Punjabi

# ਕੀ ਤੁਸੀਂ 5 ਮਾਰਚ 2007 ਤੋਂ ਪਹਿਲਾਂ ਪਨਾਹ ਲਈ ਅਰਜ਼ੀ ਦਿੱਤੀ ਸੀ ਅਤੇ ਹਾਲਾਂ ਵੀ ਤੁਹਾਨੂੰ ਯੂ.ਕੇ. ਵਿੱਚ ਰਹਿਣ ਦਾ ਹੱਕ ਨਹੀਂ ਮਿਲਿਆ?

ਜੇ ਤੁਹਾਡਾ ਜਵਾਬ "ਹਾਂ" ਹੈ ਤਾਂ ਤੁਹਾਡੀ ਪਨਾਹ ਦੀ ਅਰਜ਼ੀ ਦੇ ਉੱਪਰ "ਮਾਮਲੇ ਸੁਲਝਾਉਣ ਸਬੰਧਤ ਡਾਇਰੈਕਟ੍ਰੇਟ" (Case Resolution Directorate) ਵਿਚਾਰ ਕਰ ਰਿਹਾ ਹੋ ਸਕਦਾ ਹੈ, ਜੋ ਹੋਮ ਆਫਿਸ ਵਿੱਚ "ਯੂ.ਕੇ. ਸੀਮਾ ਏਜੰਸੀ" (UK Border Agency – UKBA) ਦਾ ਇੱਕ ਹਿੱਸਾ ਹੈ। ਡਾਇਰੈਕਟ੍ਰੇਟ ਪਨਾਹ ਦੀਆਂ ਉਹਨਾਂ ਪੁਰਾਣੀਆਂ ਅਰਜ਼ੀਆਂ ਉੱਪਰ ਕਾਰਵਾਈ ਕਰਦਾ ਹੈ ਜਿਨ੍ਹਾਂ ਬਾਰੇ ਹਾਲਾਂ ਫੈਸਲਾ ਨਹੀਂ ਲਿਆ ਗਿਆ ਹੁੰਦਾ। ਹੁਣ ਤੋਂ 2011 ਤਕ ਉਹ ਮਾਰਚ 2007 ਤੋਂ ਪਹਿਲਾਂ ਦਿੱਤੀਆਂ ਗਈਆਂ ਪਨਾਹ ਦੀਆਂ ਜ਼ਿਆਦਾਤਰ ਅਰਜ਼ੀਆਂ 'ਤੇ ਵਿਚਾਰ ਕਰੇਗਾ।

ਪਨਾਹ ਮੰਗਣ ਵਾਲੇ ਕੁਝ ਲੋਕਾਂ ਨੂੰ ਡਾਇਰੈਕਟ੍ਰੇਟ ਚਿੱਠੀਆਂ ਲਿਖ ਕੇ ਇਹ ਸੂਚਨਾ ਦੇ ਰਿਹਾ ਹੈ ਕਿ ਉਹਨਾਂ ਦੇ ਮਾਮਲੇ ਨੂੰ ਵਿਚਾਰ ਕਰਨ ਲਈ ਚੁਣ ਲਿਆ ਗਿਆ ਹੈ।

## ਜੇ ਤੁਹਾਨੂੰ ਯੂ.ਕੇ. ਸੀਮਾ ਏਜੰਸੀ (UKBA) ਕੋਲੋਂ ਚਿੱਠੀ ਮਿਲਦੀ ਹੈ, ਤਾਂ ਤੁਹਾਨੂੰ ਕੀ ਕਰਨਾ ਚਾਹੀਦਾ ਹੈ?

ਚਿੱਠੀ ਵਿੱਚ ਸ਼ਾਇਦ ਹੇਠਲੀਆਂ ਗੱਲਾਂ ਲਿਖੀਆਂ ਹੋਣਗੀਆਂ:

- ਇਸ ਗੱਲ ਦਾ ਵੇਰਵਾ ਕਿ ਤੁਹਾਡੇ ਮਾਮਲੇ ਨੂੰ ਵਿਚਾਰ ਕਰਨ ਲਈ ਚੁਣਿਆ ਗਿਆ ਹੈ।
- ਤੁਹਾਡੇ ਕੇਸ ਦੇ ਵਾਲੀ-ਵਾਰਸ (case owner) ਦਾ ਸੰਪਰਕ ਵੇਰਵਾ ਜਿਸ ਕੋਲ ਤੁਹਾਡਾ ਮਾਮਲਾ ਹੈ।
- ਕਾਨੂੰਨੀ ਸਲਾਹ ਪ੍ਰਾਪਤ ਕਰਨ ਦੇ ਤਰੀਕੇ ਬਾਰੇ ਜਾਣਕਾਰੀ
- ਇਸ ਗੱਲ ਬਾਰੇ ਹਾਣਕਾਰੀ ਕਿ ਲੋਕ ਆਪਣੀ ਮਰਜ਼ੀ ਨਾਲ ਆਪਣੇ ਮੂਲ ਦੇਸ਼ ਵਾਪਸ ਕਿਵੇਂ ਜਾ ਸਕਦੇ ਹਨ।

ਇਸ ਚਿੱਠੀ ਦੀ ਇੱਕ ਕਾਪੀ UKBA ਵੱਲੋਂ ਤੁਹਾਡੇ ਕਾਨੂੰਨੀ ਪ੍ਰਤੀਨਿੱਧ (ਜੇ ਤੁਹਾਡਾ ਕੋਈ ਪ੍ਰਤੀਨਿੱਧ ਹੈ) ਨੂੰ ਵੀ ਭੇਜੀ ਜਾਣੀ ਚਾਹੀਦੀ ਹੈ।

UKBA ਦੀ ਚਿੱਠੀ ਵਿੱਚ ਤੁਹਾਡੇ ਮਾਮਲੇ ਦਾ ਵੇਰਵਾ ਵੀ ਹੋ ਸਕਦਾ ਹੈ ਅਤੇ ਤੁਹਾਨੂੰ ਇਸ ਦੀ ਜਾਂਚ ਕਰਕੇ ਦੱਸਣ ਲਈ ਆਖਿਆ ਜਾ ਸਕਦਾ ਹੈ ਕਿ ਇਹ ਵੇਰਵਾ ਹਾਲਾਂ ਵੀ ਸਹੀ ਹੈ ਜਾਂ ਨਹੀਂ। ਚਿੱਠੀ ਵਿੱਚ ਤੁਹਾਡੇ ਕੋਲੋਂ ਹੋਰ ਜਾਣਕਾਰੀ ਵੀ ਮੰਗੀ ਜਾ ਸਕਦੀ ਹੈ ਜੋ ਤੁਹਾਨੂੰ ਜਾਂ ਤੁਹਾਡੇ ਕਾਨੂੰਨੀ ਪ੍ਰਤੀਨਿੱਧ ਨੂੰ **21 ਦਿਨਾਂ** ਦੇ ਅੰਦਰ UKBA ਵਿੱਚ ਤੁਹਾਡੇ ਕੇਸ ਦੇ ਵਾਲੀ-ਵਾਰਸ ਕੋਲ ਭੇਜ ਦੇਣੀ ਚਾਹੀਦੀ ਹੈ। ਤੁਹਾਡੇ ਲਈ ਜਾਂ ਤੁਹਾਡੇ ਕਾਨੂੰਨੀ ਪ੍ਰਤੀਨਿੱਧ ਲਈ ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੈ ਕਿ UKBA ਕੋਲ ਤੁਹਾਡਾ ਜਵਾਬ ਚਿੱਠੀ ਦੇ ਉੱਪਰ ਲਿਖੀ ਤਾਰੀਖ ਦੇ ਬਾਅਦ 21 ਦਿਨਾਂ ਦੇ ਅੰਦਰ ਪਹੁੰਚ ਜਾਵੇ।

ਜਦੋਂ ਤੁਹਾਨੂੰ ਚਿੱਠੀ ਮਿਲੇ ਤਾਂ ਸਭ ਤੋਂ ਚੰਗਾ ਇਹ ਹੋਵੇਗਾ ਕਿ ਤੁਸੀਂ ਹੋਰ ਸਲਾਹ ਅਤੇ ਮਦਦ ਮੰਗੋ – ਅਗਲਾ ਸਫਾ ਵੇਖੋ। ਜੇ ਤੁਹਾਨੂੰ ਵੇਲੇ ਸਿਰ ਕਾਨੂੰਨੀ ਸਲਾਹ ਨਹੀਂ ਮਿਲ ਸਕਦੀ ਤਾਂ ਵੀ ਤੁਹਾਨੂੰ ਚਿੱਠੀ ਦਾ ਜਵਾਬ ਸਮੇਂ ਸਿਰ ਦੇਣਾ ਚਾਹੀਦਾ ਹੈ ਪਰ ਆਪਣੀ ਚਿੱਠੀ ਵਿੱਚ ਤੁਸੀਂ ਲਿਖ ਦਿਉ ਕਿ ਆਪਣੇ ਮਾਮਲੇ ਬਾਰੇ ਤੁਸੀਂ ਕਾਨੂੰਨੀ ਸਲਾਹ ਲਉਗੇ। UKBA ਨੂੰ ਭੇਜੀਆਂ ਸਾਰੀਆਂ ਚਿੱਠੀਆਂ ਦੀਆਂ ਕਾਪੀਆਂ ਆਪਣੇ ਕੋਲ ਰੱਖੋ ਅਤੇ ਜੇ ਤੁਸੀਂ UKBA ਨੂੰ ਕੋਈ ਫੋਨ ਕਰਦੇ ਹੋ ਤਾਂ ਉਸ ਬਾਰੇ ਵੀ ਲਿਖ ਕੇ ਰੱਖ ਲਉ।



Asylum Support Partnership is a partnership project hosted by the British Refugee Council
British Refugee Council, (commonly called the Refugee Council) is a company limited by guarantee registered in England and Wales, [No 2727514] and a registered charity, [No 1014576].
Registered office: 240-250 Ferndale Road, London SW9 8BB, United Kingdom

## ਜੇ ਤੁਹਾਨੂੰ ਆਪਣੇ ਕੇਸ ਦੇ ਵਾਲੀ-ਵਾਰਸ ਦਾ ਨਾਂ ਪਤਾ ਨਹੀਂ ਹੈ, ਤਾਂ UKBA ਨੂੰ ਕਿਵੇਂ ਸੰਪਰਕ ਕੀਤਾ ਜਾਵੇ?

ਜੇ ਤੁਹਾਨੂੰ UKBA ਵਲੋਂ ਕੋਈ ਚਿੱਠੀ ਨਹੀਂ ਮਿਲੀ ਹੈ ਪਰ ਤੁਸੀਂ UKBA ਨੂੰ ਇਹ ਸੂਚਨਾ ਦੇਣਾ ਚਾਹੁੰਦੇ ਹੋ ਕਿ ਤੁਹਾਡੇ ਹਾਲਾਤ ਬਦਲ ਗਏ ਹਨ (ਜਿਵੇਂ, ਤੁਹਾਡਾ ਬੱਚਾ ਹੋਇਆ ਹੈ, ਤੁਹਾਡਾ ਵਿਆਹ ਹੋ ਗਿਆ ਹੈ ਜਾਂ ਪਤੇ ਵਿੱਚ ਤਬਦੀਲੀ ਹੋਈ ਹੈ) ਤਾਂ ਤੁਸੀਂ "ਇਮੀਗ੍ਰੇਸ਼ਨ ਪੁੱਛਤਾਛ ਬਿਊਰੋ" (Immigration Enquiry Bureau - IEB) ਨੂੰ 0870 606 7766 ਨੰਬਰ ਤੇ ਫੋਨ ਕਰ ਸਕਦੇ ਹੋ।

IEB ਤੁਹਾਡੇ ਕੋਲੋਂ ਤੁਹਾਡਾ ਹਵਾਲਾ ਨੰਬਰ, ਨਾਂ, ਰਾਸ਼ਟ੍ਰੀਅਤਾ, ਜਨਮ ਦੀ ਤਾਰੀਖ ਅਤੇ ਪਨਾਹ ਲਈ ਅਰਜ਼ੀ ਦੇਣ ਦੀ ਤਾਰੀਖ ਪੁੱਛਣਗੇ। ਉਸਦੇ ਬਾਅਦ IEB ਤੁਹਾਨੂੰ ਤੁਹਾਡੇ ਕੇਸ ਦੇ ਵਾਲੀ-ਵਾਰਸ ਨੂੰ ਚਿੱਠੀ ਲਿਖਣ ਲਈ ਪਤਾ ਦੇਣਗੇ ਤਾਂ ਜੋ ਤੁਸੀਂ ਆਪਣੇ ਹਾਲਾਤ ਵਿੱਚ ਹੋਈਆਂ ਤਬਦੀਲੀਆਂ ਬਾਰੇ ਉਹਨਾਂ ਨੂੰ ਦੱਸ ਸਕੋ। IEB ਤੁਹਾਨੂੰ ਇਹ ਨਹੀਂ ਦੱਸ ਸਕਣਗੇ ਕਿ ਤੁਹਾਡੇ ਮਾਮਲੇ ਦਾ ਫੈਸਲਾ ਕਦੋਂ ਹੋਵੇਗਾ। ਜੇ ਤੁਹਾਡਾ ਪਤਾ ਬਦਲ ਗਿਆ ਹੈ ਤਾਂ ਤੁਸੀਂ IEB ਨੂੰ ਨਵਾਂ ਪਤਾ ਟੈਲੀਫੋਨ ’ਤੇ ਦੇ ਸਕਦੇ ਹੋ।

## ਕੀ ਮੈਂ UKBA ਕੋਲੋਂ ਆਪਣੇ ਮਾਮਲੇ ਤੇ ਵਿਚਾਰ ਹੁਣੇ ਕਰਵਾ ਸਕਦਾ/ਸਕਦੀ ਹਾਂ?

ਜੇ ਤੁਸੀਂ ਮਹਿਸੂਸ ਕਰਦੇ ਹੋ ਕਿ ਤੁਹਾਡੇ ਕੁਝ ਅਜੇਹੇ ਖਾਸ ਹਾਲਾਤ ਹਨ ਜਿਨ੍ਹਾਂ ਕਰਕੇ ਤੁਹਾਡੇ ਮਾਮਲੇ ਉੱਪਰ ਹੁਣੇ ਵਿਚਾਰ ਹੋਣਾ ਚਾਹੀਦਾ ਹੈ ਤਾਂ ਤੁਹਾਨੂੰ ਆਪਣੇ ਕਾਨੂੰਨੀ ਪ੍ਰਤੀਨਿੱਧ ਨਾਲ ਇਸ ਬਾਰੇ ਗੱਲ ਕਰਨੀ ਚਾਹੀਦੀ ਹੈ। UKBA ਇਸ ਗੱਲ ਲਈ ਰਾਜ਼ੀ ਹੈ ਕਿ ਕਿਸੇ ਕਾਨੂੰਨੀ ਪ੍ਰਤੀਨਿੱਧ ਜਾਂ ਪਾਰਲੀਮੈਂਟ ਦੇ ਮੈਂਬਰ (MP) ਵਲੋਂ ਭੇਜੀ ਦਰਖਾਸਤ ’ਤੇ ਉਹ ਵਿਚਾਰ ਕਰਨਗੇ।

## ਕੀ UKBA ਪਨਾਹ ਮੰਗਣ ਵਾਲੇ ਸਾਰੇ ਲੋਕਾਂ ਨੂੰ ਇਹ ਚਿੱਠੀਆਂ ਲਿਖ ਰਹੀ ਹੈ?

ਨਹੀਂ। UKBA ਪਨਾਹ ਮੰਗਣ ਵਾਲੇ ਕੁਝ ਅਜੇਹੇ ਲੋਕਾਂ ਨੂੰ ਚਿੱਠੀਆਂ ਨਹੀਂ ਲਿਖੇਗੀ ਜਿਨ੍ਹਾਂ ਦੇ ਮਾਮਲਿਆਂ ਉੱਪਰ ਇਹ ਵਿਚਾਰ ਕਰਦੀ ਹੈ। ਜਿਵੇਂ, ਜੇ ਕਿਸੇ ਵਿਅਕਤੀ ਨੇ ਕੋਈ ਜੁਰਮ ਕੀਤਾ ਹੈ, UKBA ਦੇ ਨੇਮਾਂ ਦੀ ਪਾਲਣਾ ਨਹੀਂ ਕੀਤੀ, ਜਾਂ ਜੇ ਕਿਸੇ ਨੇ ਗੈਰਕਾਨੂੰਨੀ ਤਰੀਕੇ ਨਾਲ ਕੰਮ ਕੀਤਾ ਹੈ, ਤਾਂ ਅਜੇਹੇ ਲੋਕਾਂ ਨੂੰ UKBA ਵਲੋਂ ਉਹਨਾਂ ਨੂੰ ਦੇਸ਼ ਦੇ ਬਾਹਰ ਭੇਜਣ ਦੀ ਕਾਰਵਾਈ ਕਰਨ ਤੋਂ ਪਹਿਲਾਂ ਚਿੱਠੀ ਮਿਲਣ ਦੀ ਸੰਭਾਵਨਾ ਬਹੁਤ ਘੱਟ ਹੈ। ਜੇ ਤੁਹਾਨੂੰ ਆਪਣੀ ਸਥਿਤੀ ਦੇ ਬਾਰੇ ਚਿੰਤਾ ਹੈ ਤਾਂ ਜ਼ਰੂਰੀ ਹੈ ਕਿ ਤੁਸੀਂ ਕਾਨੂੰਨੀ ਸਲਾਹ ਲਉ_ ਹੇਠਾਂ ਵੇਖੋ।

ਜੇ ਤੁਹਾਨੂੰ ਪੱਕਾ ਯਕੀਨ ਹੈ ਕਿ ਤੁਸੀਂ ਉੱਪਰ ਦੱਸੇ ਕਿਸੇ ਗਰੁੱਪ ਦਾ ਹਿੱਸਾ ਨਹੀਂ ਹੋ ਅਤੇ UKBA ਕੋਲ ਤੁਹਾਡੇ ਮਾਮਲੇ ਬਾਰੇ ਤਾਜ਼ਾ ਜਾਣਕਾਰੀ ਹੈ ਤਾਂ ਸ਼ਾਇਦ ਸਭ ਤੋਂ ਚੰਗਾ ਇਹ ਹੋਵੇਗਾ ਕਿ ਤੁਸੀਂ ਚਿੱਠੀ ਮਿਲਣ ਤਕ ਇੰਤਜ਼ਾਰ ਕਰੋ। ਪਰ ਤੁਹਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਤੁਹਾਨੂੰ ਛੇਤੀ ਸਲਾਹ ਮਿਲ ਸਕੇਗੀ ਕਿਉਂਕਿ ਤੁਹਾਡੇ ਕੋਲ UKBA ਦੀ ਚਿੱਠੀ ਦਾ ਜਵਾਬ ਦੇਣ ਲਈ ਜ਼ਿਆਦਾ ਸਮਾਂ ਨਹੀਂ ਹੋਵੇਗਾ (21 ਦਿਨ)।

ਜੇ ਤੁਸੀਂ ਆਪਣੇ ਮਾਮਲੇ ਬਾਰੇ ਕੋਈ ਗੱਲ UKBA ਨੂੰ ਦੱਸਣਾ ਚਾਹੁੰਦੇ ਹੋ ਤਾਂ ਜ਼ਰੂਰੀ ਹੈ ਕਿ ਤੁਸੀਂ ਪਹਿਲਾਂ ਇਸ ਬਾਰੇ ਕਾਨੂੰਨੀ ਸਲਾਹ ਲੈ ਲਉ।

### ਸਲਾਹ ਲੈਣਾ

ਤੁਹਾਨੂੰ ਚਾਹੀਦਾ ਹੈ ਕਿ ਤੁਸੀਂ:

- ਜਾਂ ਤਾਂ ਆਪਣੇ ਉਸ ਕਾਨੂੰਨੀ ਪ੍ਰਤੀਨਿੱਧ ਨੂੰ ਸੰਪਰਕ ਕਰੋ ਜਿਸ ਨੇ ਤੁਹਾਡੇ ਮਾਮਲੇ ’ਤੇ ਪਹਿਲਾਂ ਕੰਮ ਕੀਤਾ ਹੈ, ਜਾਂ
- ਅਜੇਹੇ ਕਾਨੂੰਨੀ ਪ੍ਰਤੀਨਿੱਧ ਦਾ ਪਤਾ ਲਗਾਉ ਜੋ ਤੁਹਾਡੀ ਮਦਦ ਕਰ ਸਕਦਾ ਹੋਵੇ ਅਤੇ ਉਸ ਕੋਲੋਂ ਪੱਕਾ ਕਰ ਲਉ ਕਿ ਤੁਹਾਨੂੰ ਚਿੱਠੀ ਮਿਲਣ ਤੇ ਉਹ ਤੁਹਾਡੀ ਮਦਦ ਕਰ ਸਕੇਗਾ।

"**ਕਮਿਊਨਿਟੀ ਕਾਨੂੰਨੀ ਸਲਾਹ**" (**Community Legal Advice)** ਨੂੰ 0845 345 4345 ਨੰਬਰ ਤੇ ਫੋਨ ਕਰਕੇ ਤੁਸੀਂ ਕਾਨੂੰਨੀ ਪ੍ਰਤੀਨਿੱਧ ਦਾ ਪਤਾ ਲਗਾ ਸਕਦੇ ਹੋ ਅਤੇ ਉਹ ਤੁਹਾਨੂੰ ਕਿਸੇ ਲੋਕਲ ਕਾਨੂੰਨੀ ਪ੍ਰਤੀਨਿੱਧ ਜਾਂ ਸੰਸਥਾ ਕੋਲ ਭੇਜਣਗੇ ਜੋ ਤੁਹਾਨੂੰ ਇਸ ਮਾਮਲੇ ਵਿੱਚ ਅੱਗੇ ਸਲਾਹ ਦੇ ਸਕਦੇ ਹਨ। ਜਾਂ, ਤੁਸੀਂ ਵੈਬਸਾਈਟ www.communitylegaladvice.org.uk ’ਤੇ ਜਾ ਸਕਦੇ ਹੋ।

ਤੁਹਾਡਾ ਕਾਨੂੰਨੀ ਪ੍ਰਤੀਨਿੱਧ ਅਜੇਹੀ ਸੰਸਥਾ ਤੋਂ ਹੋਣਾ ਚਾਹੀਦਾ ਹੈ ਜਿਸ ਦਾ "ਕਾਨੂੰਨੀ ਸੇਵਾ ਕਮੀਸ਼ਨ" (Legal Services Commission) ਨਾਲ ਇਮੀਗ੍ਰੇਸ਼ਨ ਕਾਨੂੰਨ ਦੇ ਖੇਤਰ ਵਿੱਚ ਇਕਰਾਰਨਾਮਾ ਹੋਵੇ ਜਾਂ ਜੋ "**ਇਮੀਗ੍ਰੇਸ਼ਨ ਸੇਵਾ ਕਮੀਸ਼ਨਰ ਦੇ ਦਫਤਰ**" (**Office of the Immigration Services Commissioner - OISC)** ਵਿੱਚ ਸਲਾਹਕਾਰ ਵਜੋਂ ਰਜਿਸਟਰਡ ਹੋਵੇ। ਪਨਾਹ ਸਬੰਧਤ ਕਾਨੂੰਨੀ ਸਲਾਹ ਦੇਣ ਵਾਲੀਆਂ ਮਾਨਤਾ-ਪ੍ਰਾਪਤ ਸੰਸਥਾਵਾਂ ਦੀ ਸੂਚੀ ਪ੍ਰਾਪਤ ਕਰਨ ਲਈ ਤੁਸੀਂ OISC ਨੂੰ 0845 000 0046 ਨੰਬਰ ’ਤੇ ਫੋਨ ਕਰ ਸਕਦੇ ਹੋ ਜਾਂ ਵੈਬਸਾਈਟ www.oisc.gov.uk ਵੇਖ ਸਕਦੇ ਹੋ।

ਕਾਨੂੰਨੀ ਸਲਾਹ ਲਈ ਤੁਹਾਨੂੰ ਪੈਸੇ ਦੇਣ ਦੀ ਲੋੜ ਨਹੀਂ ਹੋਣੀ ਚਾਹੀਦੀ ਕਿਉਂਕਿ ਤੁਹਾਡਾ ਕਾਨੂੰਨੀ ਪ੍ਰਤੀਨਿੱਧ ਕਾਨੂੰਨੀ ਸਹਾਇਤਾ ਲਈ ਅਰਜ਼ੀ ਦੇ ਸਕਦਾ ਹੈ। ਕਿਸੇ ਰਿਫਿਊਜੀ ਏਜੰਸੀ ਦਾ ਸਲਾਹਕਾਰ ਕਾਨੂੰਨੀ ਪ੍ਰਤੀਨਿੱਧ ਲੱਭਣ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ।

ਜਦੋਂ ਤੁਸੀਂ ਆਪਣੇ ਕਾਨੂੰਨੀ ਪ੍ਰਤੀਨਿੱਧ ਨੂੰ ਮਿਲੋ ਤਾਂ ਤੁਹਾਨੂੰ ਚਾਹੀਦਾ ਹੈ ਕਿ:

- ਤੁਸੀਂ ਚੰਗੀ ਤਰ੍ਹਾਂ ਵੇਖ ਲਉ ਕਿ ਤੁਹਾਡੇ ਕੋਲ ਸਾਰੇ ਲੋੜੀਂਦੇ ਦਸਤਾਵੇਜ਼ ਹਨ, ਜਿਵੇਂ ਪਨਾਹ ਲਈ ਦਿੱਤੇ ਮੂਲ ਬਿਆਨ ਦੀ ਕਾਪੀ, ਕੋਈ ਮਨਾਹੀ ਦੀ ਚਿੱਠੀ, ਪਨਾਹ ਅਤੇ ਇਮੀਗ੍ਰੇਸ਼ਨ ਟ੍ਰਿਬੂਨਲ ਦਾ ਫੈਸਲਾ ਅਤੇ ਉਸਦੇ ਬਾਅਦ ਹੋਇਆ ਸਾਰਾ ਪੱਤਰ-ਵਿਹਾਰ।
- ਚੰਗਾ ਹੋਵੇ ਜੇ ਤੁਸੀਂ ਇਹਨਾਂ ਦਸਤਾਵੇਜ਼ਾਂ ਦੀਆਂ ਕਾਪੀਆਂ ਬਣਾ ਕੇ ਕਿਸੇ ਸੌਖੀ ਥਾਂ ’ਤੇ ਰਖ ਦਿਉ। ਜੇ UKBA ਤੁਹਾਨੂੰ ਹਿਰਾਸਤ ਵਿੱਚ ਲੈ ਲੈਂਦੀ ਹੈ ਤਾਂ ਤੁਹਾਨੂੰ ਇਹਨਾਂ ਦਸਤਾਵੇਜ਼ਾਂ ਨੂੰ ਕਿਸੇ ਮਿੱਤਰ ਰਾਹੀਂ ਫੌਰਨ ਮੰਗਾਉਣ ਦੀ ਲੋੜ ਪੈ ਸਕਦੀ ਹੈ।

## ਕੀ ਤੁਸੀਂ ਪਨਾਹ ਲਈ ਅਰਜ਼ੀ ਅਪ੍ਰੈਲ 2003 ਤੋਂ ਪਹਿਲਾਂ ਦਿੱਤੀ ਹੈ?

ਜੇ ਤੁਸੀਂ ਪਨਾਹ ਲਈ ਅਰਜ਼ੀ ਅਪ੍ਰੈਲ 2003 ਤੋਂ ਪਹਿਲਾਂ ਦਿੱਤੀ ਸੀ, ਤੁਹਾਡੇ ਦਾਹਵੇ ਨੂੰ ਨਾਮਨਜ਼ੂਰ ਕਰ ਦਿੱਤਾ ਗਿਆ ਸੀ ਪਰ ਤੁਹਾਨੂੰ ਰਿਫਿਊਜੀ ਦਾ ਦਰਜਾ ਦੇ ਦਿੱਤਾ ਗਿਆ ਹੋਵੇਗਾ, ਜਾਂ, ਜੇ ਹੋਮ ਆਫਿਸ ਨੇ ਹੋਰ ਛੇਤੀ ਫੈਸਲਾ ਲਿਆ ਹੋਵੇਗਾ, ਤਾਂ ਤੁਹਾਨੂੰ ਰਹਿਣ ਦੀ ਉਚੇਚੀ ਇਜਾਜ਼ਤ ਮਿਲੀ ਹੋਵੇਗੀ। ਇਸ ਬਾਰੇ ਹਿਦਾਇਤਾਂ ਦਾ ਪਤਾ ਕਰਨ ਲਈ ਰਿਫਿਊਜੀ ਕੌਂਸਲ ਦੀ ਇਹ ਵੈਬਸਾਈਟ ਵੇਖੋ:
www.refugeecouncil.org.uk/policy/briefings/2007/delays.htm

ਜੇ ਇਸ ਪਰਚੇ ਵਿੱਚ ਦਿੱਤੀ ਜਾਣਕਾਰੀ ਬਾਰੇ ਤੁਹਾਡੇ ਮਨ ਵਿੱਚ ਕੁਝ ਸਵਾਲ ਹਨ ਤਾਂ ਕਿਰਪਾ ਕਰਕੇ ਹੇਠਲੀ ਕਿਸੇ ਏਜੰਸੀ ਨੂੰ ਸੰਪਰਕ ਕਰੋ:

**ਮਾਈਗ੍ਰੈਂਟ ਹੈਲਪਲਾਈਨ (Migrant Helpline) ਦਾ ਮੁੱਖ ਦਫਤਰ (Kent, Sussex)**
ਟੈਲੀਫੋਨ: 01304 203 977
www.migranthelpline.org.uk

**ਬਹੁ-ਸੱਭਿਆਚਾਰਕ ਵਸੀਲਾ ਕੇਂਦਰ (Multi-Cultural Resource Centre) (Northern Ireland)**
ਟੈਲੀਫੋਨ: 02890 238 645
www.mcrc-ni.org

**ਨਾਰਥ ਆਫ ਇੰਗਲੈਂਡ ਰਿਫਿਊਜੀ ਸਰਵਿਸ (North of England Refugee Service) ਦਾ ਮੁੱਖ ਦਫਤਰ (North East)**
ਟੈਲੀਫੋਨ: 0191 245 7311
www.refugee.org.uk

**ਰਿਫਿਊਜੀ ਐਕਸ਼ਨ (Refugee Action) ਦਾ ਮੁੱਖ ਦਫਤਰ (East Midlands, North West, South Central, South West)**
ਟੈਲੀਫੋਨ: 020 7654 7700
www.refugee-action.org.uk

**ਰਿਫਿਊਜੀ ਕੌਂਸਲ (Refugee Council) ਦਾ ਮੁੱਖ ਦਫਤਰ**
**(London, East of England, Yorkshire & Humberside, West Midlands)**
ਟੈਲੀਫੋਨ: 020 7346 6700
www.refugeecouncil.org.uk
http://languages.refugeecouncil.org.uk

**ਸਕਾਟਿਸ਼ ਰਿਫਿਊਜੀ ਕੌਂਸਲ (Scottish Refugee Council) ਦਾ ਮੁੱਖ ਦਫਤਰ (Scotland)**
ਟੈਲੀਫੋਨ: 0141 248 9799
ਫ੍ਰੀਫੋਨ 0800 085 6087
www.scottishrefugeecouncil.org.uk

**ਵੈਲਸ਼ ਰਿਫਿਊਜੀ ਕੌਂਸਲ (Welsh Refugee Council) ਦਾ ਮੁੱਖ ਦਫਤਰ (Wales)**
ਟੈਲੀਫੋਨ: 029 2048 9800
www.welshrefugeecouncil.org



Asylum Support Partnership consists of:

Migrant Helpline, charity number: 1088631 www.migranthelpline.org
Refugee Action, charity number: 283660 www.refugee-action.org.uk
Refugee Council, charity number: 1014 576 www.refugeecouncil.org.uk
Scottish Refugee Council, charity number: SC008639 www.scottishrefugeecouncil.org.uk
Welsh Refugee Council, charity number: 1044885 www.welshrefugeecouncil.org.uk